ਜੇਕਰ ਇਸ ਦਸਤਾਵੇਜ਼ ਅਤੇ ਇਸਦੇ ਅੰਗਰੇਜ਼ੀ /ਚੀਨੀ ਭਾਸ਼ਾ ਰੂਪਾਂਤਰ (ਅਨੁਵਾਦ) ਵਿੱਚ ਕੋਈ ਬੇਜੋੜਤਾ ਜਾਂ ਵਖਰੇਵਾਂ ਹੈ ਤਾਂ ਅੰਗਰੇਜ਼ੀ/ਚੀਨੀ ਭਾਸ਼ਾ ਦਾ ਰੂਪਾਂਤਰ ਕਾਇਮ ਰਹੇਗਾ।

ਖਾਤਾ ਖੋਲ੍ਹਣ ਬਾਰੇ ਉਪਯੋਗੀ ਜਾਣਕਾਰੀ

ਖਾਤਾ ਖੋਲ੍ਹਣਾ

ਹੁਣੇ ਦੇ ਸਾਲਾਂ ਵਿੱਚ, ਮਨੀ ਲਾਂਡਰਿੰਗ, ਆਤੰਕਵਾਦੀ ਫਾਈਨੈਂਸਿੰਗ ਅਤੇ ਟੈਕਸ ਨਾ ਭਰਨ ਸਮੇਤ ਅਵੈਧ ਗਤੀਵਿਧੀਆਂ ਦਾ ਮੁਕਾਬਲਾ ਕਰਨ ਵਿੱਚ ਅੰਤਰਰਾਸ਼ਟਰੀ ਯਤਨਾਂ ਵਿੱਚ ਮਹੱਤਵਪੂਰਨ ਢੰਗ ਨਾਲ ਵਾਧਾ ਹੋਇਆ ਹੈ। ਕਈ ਮਨਜ਼ੂਰੀ ਪੱਧਤੀਆਂ ਦੇ ਨਾਲ ਮਿਲ ਕੇ, ਇਸਨੇ ਬੈਂਕਾਂ ਨੂੰ ਸਧਾਰਨ ਤੌਰ 'ਤੇ ਆਪਣੇ ਮਨੀ ਲਾਂਡਰਿੰਗ-ਵਿਰੋਧੀ ਅਤੇ ਆਤੰਕਵਾਦੀ ਫਾਈਨੈਂਸਿੰਗ-ਵਿਰੋਧੀ ਨਿਯੰਤਰਣਾਂ ਵਿੱਚ ਵਾਧਾ ਕਰਨ ਲਈ ਉਤਸ਼ਾਹਿਤ ਕੀਤਾ ਹੈ, ਮੌਜੂਦਾ ਅਤੇ ਨਵੇਂ ਗਾਹਕਾਂ ਲਈ ਵੱਧ ਸਖ਼ਤ ਗਾਹਕ ਉਚਿਤ ਮੁਲਾਂਕਣ (ਸੀ.ਡੀ.ਡੀ.) ਪ੍ਰਕਿਰਿਆ ਸਮੇਤ। ਇਸ ਕਰਕੇ, ਪੰਜ ਤੋਂ ਦਸ ਸਾਲ ਪਹਿਲਾਂ ਦੀ ਤੁਲਨਾ ਵਿੱਚ, ਖਾਤਾ ਖੋਲ੍ਹਣ ਦੀ ਪ੍ਰਕਿਰਿਆ ਅਸਲ ਵਿੱਚ ਵੱਧ ਜਟਿਲ ਹੋ ਗਈ ਹੈ ਅਤੇ ਹੁਣ ਇਸ ਵਿੱਚ ਲੰਮਾ ਸਮਾਂ ਲੱਗਦਾ ਹੈ।

ਸਥਾਨਕ ਸ਼ਰਤਾਂ ਤੋਂ ਇਲਾਵਾ, ਕੁਝ ਬੈਂਕਾਂ ਨੂੰ ਆਪਣੇ ਮੁੱਖ ਦਫ਼ਤਰਾਂ (ਹੈਡ ਆੱਫਿਸਾਂ) ਜਾਂ ਵਿਦੇਸ਼ੀ ਅਥਾੱਰਿਟੀਜ ਵੱਲੋਂ ਦਿੱਤੀਆਂ ਸ਼ਰਤਾਂ ਜਾਂ ਮਿਆਰਾਂ ਦੀ ਪਾਲਣਾ ਕਰਨ ਦੀ ਵੀ ਲੋੜ ਹੁੰਦੀ ਹੈ। ਇਸ ਕਾਰਨ ਇਹਨਾਂ ਬੈਂਕਾਂ ਦੀਆਂ ਖਾਤਾ ਖੋਲ੍ਹਣ ਦੀਆਂ ਸ਼ਰਤਾਂ ਵੱਖ-ਵੱਖ ਹੋ ਸਕਦੀਆਂ ਹਨ। ਜੇਕਰ ਤੁਸੀਂ ਇੱਕ ਬੈਂਕ ਖਾਤਾ ਖੋਲ੍ਹਣਾ ਚਾਹੁੰਦੇ ਹੋ, ਤਾਂ ਤੁਹਾਨੂੰ ਤੁਲਨਾ ਕਰਨ ਲਈ ਕਈ ਬੈਂਕਾਂ ਵਿੱਚ ਜਾਣਾ ਅਤੇ ਉਹਨਾਂ ਸੇਵਾਵਾਂ ਦੀ ਚੋਣ ਕਰਨੀ ਚਾਹੀਦੀ ਹੈ, ਜੋ ਤੁਹਾਡੀਆਂ ਲੋੜਾਂ ਦੇ ਅਨੁਕੂਲ ਹੋਣ।

ਜੇਕਰ ਖਾਤਾ ਖੋਲ੍ਹਣ ਜਾਂ ਖਾਤੇ ਦੀ ਜਾਣਕਾਰੀ ਨੂੰ ਅੱਪਡੇਟ ਕਰਨ ਬਾਰੇ ਤੁਹਾਡੀ ਕੋਈ ਰਾਏ ਜਾਂ ਸਵਾਲ ਹਨ, ਤਾਂ ਕਿਰਪਾ ਕਰਕੇ ਐਚ.ਕੇ.ਐਮ.ਏ. (HKMA)ਨੂੰ ਸੰਪਰਕ ਕਰੋ।

ਈਮੇਲ: accountopening@hkma.gov.hk

**1.** ਖਾਤਾ ਖੋਲ੍ਹਣ ਦੀ ਪ੍ਰਕਿਰਿਆ

ਬੈਂਕਾਂ ਨੂੰ ਬੈਂਕ ਖਾਤੇ ਖੋਲ੍ਹਣ ਤੋਂ ਪਹਿਲਾਂ ਗਾਹਕਾਂ ਦਾ ਪਿਛੋਕੜ ਅਤੇ ਲੋੜਾਂ ਨੂੰ ਸਮਝਣ ਲਈ CDD ਕਰਨ ਦੀ ਲੋੜ ਹੁੰਦੀ ਹੈ। ਇਸ ਨਾਲ ਬੈਂਕਾਂ ਨੂੰ ਆਪਣੇ ਗਾਹਕਾਂ ਨੂੰ ਉਚਿਤ ਬੈਂਕਿੰਗ ਸੇਵਾ ਦੇਣ ਵਿੱਚ ਮਦਦ ਮਿਲਦੀ ਹੈ। ਇਸ 'ਤੇ ਨਿਰਭਰ ਕਰਦੇ ਹੋਏ ਕਿ ਕੀ ਗਾਹਕ ਨੇ ਬੈਂਕ ਦੁਆਰਾ CDD ਪ੍ਰਕਿਰਿਆ ਪੂਰੀ ਕਰਨ ਵਾਸਤੇ ਬੈਂਕ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕੀਤੀ ਹੈ ਜਾਂ ਨਹੀਂ ਸਧਾਰਨ ਮਾਮਲਿਆਂ ਲਈ ਖਾਤਾ ਖੋਲ੍ਹਣ ਦੀ ਪ੍ਰਕਿਰਿਆ ਨੂੰ ਕਈ ਦਿਨਾਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

| |
|---|
| ਵਿਅਕਤੀਗਤ ਗਾਹਕ<br>ਕਾਰਪੋਰੇਟ ਗਾਹਕ (ਪੁਛ-ਗਿਛ/ਅਪਾਇੰਟਮੈਂਟ ਔਨਲਾਈਨ/ਫੋਨ ਦੁਆਰਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ) |
| ਸਾਰੇ ਲੋੜੀਂਦੇ ਦਸਤਾਵੇਜ਼ ਇਕੱਠੇ ਕਰੋ ਅਤੇ ਐਪਲੀਕੇਸ਼ਨਾਂ ਸਿੱਧਾ ਬ੍ਰਾਂਚ ਵਿੱਚ ਜਾਂ ਇੰਟਰਨੈਟ ਰਾਹੀਂ ਜਮ੍ਹਾਂ ਕਰੋ |
| ਬੈਂਕ ਦੀ ਅੰਦਰੂਨੀ ਪ੍ਰਵਾਨਗੀ |
| ਵਾਧੂ ਦਸਤਾਵੇਜ਼/ਜਾਣਕਾਰੀ ਜਮ੍ਹਾਂ ਕਰੋ (ਜੇ ਲੋੜ ਹੋਵੇ) |
| ਬੈਂਕ ਦੁਆਰਾ ਐਪਲੀਕੇਸ਼ਨ ਨਤੀਜੇ ਦੀ ਸੂਚਨਾ |

## 2. ਲੋੜੀਂਦੀ ਜਾਣਕਾਰੀ

ਦੂਜੇ ਵਿੱਤੀ ਕੇਂਦਰਾਂ ਦੀ ਤਰ੍ਹਾਂ, ਹਾਂਗ-ਕਾਂਗ ਵਿੱਚ ਬੈਂਕਾਂ ਕੋਲ ਖਾਤਾ ਖੋਲ੍ਹਣ ਲਈ ਲੋੜੀਂਦੀ ਜਾਣਕਾਰੀ ਦੀ ਇੱਕੋ-ਜਿਹੀ ਜਾਣਕਾਰੀ ਨਹੀਂ ਹੈ ਕਿਉਂਕਿ ਵੱਖ-ਵੱਖ ਬੈਂਕ ਆਪਣੀਆਂ ਖੁਦ ਦੀਆਂ ਕਾਰੋਬਾਰੀ ਨੀਤੀਆਂ ਅਤੇ ਜੋਖਮ ਮੁਲਾਂਕਣਾਂ ਦੇ ਅਨੁਸਾਰ ਨੀਤੀਆਂ ਬਣਾਉਂਦੇ ਹਨ। ਇਸ ਤੋਂ ਇਲਾਵਾ, ਸਥਾਨਕ ਲੋੜਾਂ ਤੋਂ ਇਲਾਵਾ, ਕੁਝ ਬੈਂਕਾਂ ਨੂੰ ਉਹਨਾਂ ਦੇ ਹੈਡ-ਆਫਿਸਾਂ ਜਾਂ ਵਿਦੇਸ਼ੀ ਅਥਾਰਿਟੀਆਂ ਦੁਆਰਾ ਜ਼ਰੂਰੀ ਕੀਤੀਆਂ ਗਈਆਂ ਲੋੜਾਂ ਜਾਂ ਮਿਆਰਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਇਸ ਲਈ ਇਹਨਾਂ ਬੈਂਕਾਂ ਦੀਆਂ ਖਾਤਾ ਖੋਲ੍ਹਣ ਦੀਆਂ ਲੋੜਾਂ ਵੱਖ-ਵੱਖ ਹੋ ਸਕਦੀਆਂ ਹਨ।

ਸਧਾਰਨ ਤੌਰ 'ਤੇ, ਬੈਂਕ ਨਿੱਜੀ ਜਾਂ ਕਾਰਪੋਰੇਟ ਬੈਂਕ ਖਾਤਿਆਂ ਦੀਆਂ ਐਪਲੀਕੇਸ਼ਨਾਂ 'ਤੇ ਕੰਮ ਕਰਦੇ ਸਮੇਂ ਹੇਠਾਂ ਦਿੱਤੀ ਜਾਣਕਾਰੀ ਇਕੱਠੀ ਕਰ ਸਕਦੇ ਹਨ ਜਾਂ ਸਬੰਧਤ ਮੂਲ ਦਸਤਾਵੇਜ਼ਾਂ ਦੀ ਮੰਗ ਕਰ ਸਕਦੇ ਹਨ:

(a) ਵਿਅਕਤੀਗਤ ਗਾਹਕ:

(i) ਪਛਾਣ ਦਸਤਾਵੇਜ਼, ਉਦਾਹਰਨ ਲਈ:

(A) ਪਛਾਣ ਕਾਰਡ

(B) ਯਾਤਰਾ ਦਸਤਾਵੇਜ਼

(ii) ਪਤੇ ਦਾ ਸਬੂਤ, ਉਦਾਹਰਨ ਲਈ:

(A) ਸਹੂਲਤ ਕੰਪਨੀ ਦੁਆਰਾ ਜਾਰੀ ਕੀਤਾ ਗਿਆ ਬਿਲ

(B) ਕਿਸੇ ਵਿੱਤੀ ਸੰਸਥਾ ਦੁਆਰਾ ਜਾਰੀ ਕੀਤੀ ਗਈ ਸੰਚਾਰ ਦੀ ਸਟੇਟਮੈਂਟ ਜਾਂ ਪੱਤਰ-ਵਿਹਾਰ

(C) ਕਿਸੇ ਸਰਕਾਰੀ ਡਿਪਾਰਟਮੈਂਟ ਜਾਂ ਏਜੰਸੀ ਤੋਂ ਸੰਚਾਰ ਫਾਰਮ

(D) ਖਾਤਾ ਖੋਲ੍ਹਣ ਦੀ ਐਪਲੀਕੇਸ਼ਨ ਦੇ ਪ੍ਰਕਿਰਿਆ ਕਰਨ ਵਾਲੇ ਬੈਂਕ ਦੁਆਰਾ ਗਾਹਕ ਦੁਆਰਾ ਮੁਹੱਈਆ ਕੀਤੇ ਗਏ ਪਤੇ 'ਤੇ ਭੇਜੀ ਗਈ ਚਿੱਠੀ ਦੇ ਜਵਾਬ ਵਿੱਚ ਗਾਹਕ ਦੁਆਰਾ ਦਸਤਖਤ ਕੀਤੀ ਗਈ ਪ੍ਰਾਪਤੀ ਦੀ ਪੁਸ਼ਟੀ

(E) ਇਨਲੈਂਡ ਰੇਵੇਨਿਊ ਡਿਪਾਰਟਮੈਂਟ ਦੁਆਰਾ ਮੁਹਰ ਲਗਾਇਆ ਗਿਆ ਕਿਰਾਏਦਾਰੀ ਸਮਝੌਤਾ

(F) ਪਤੇ ਦਾ ਕੋਈ ਹੋਰ ਸਬੂਤ ਜਿਸ ਬਾਰੇ ਬੈਂਕ ਸੰਤੁਸ਼ਟ ਹੈ ਕਿ ਉਹ ਇਸ 'ਤੇ ਭਰੋਸਾ ਕਰ ਸਕਦੇ ਹਨ

ਕਿਰਪਾ ਕਰਕੇ ਧਿਆਨ ਦਿਓ ਕਿ ਉੱਪਰ ਦਿੱਤੀ ਗਈ ਖਾਤਾ ਖੋਲ੍ਹਣ ਲਈ ਲੋੜੀਂਦੀ ਜਾਣਕਾਰੀ ਸਿਰਫ ਹਵਾਲੇ ਲਈ ਹੈ। ਅਸਲ ਹਾਲਾਤ (ਜਿਵੇਂ ਕਿ ਬਿਨੈਕਾਰ ਦੇ ਪਿਛੋਕੜ, ਬੇਨਤੀ ਕੀਤੀਆਂ ਗਈਆਂ ਬੈਂਕਿੰਗ ਸੇਵਾਵਾਂ, ਆਦਿ) ਅਤੇ ਉਹਨਾਂ ਦੇ ਜੋਖਮ ਮੁਲਾਂਕਣ ਦੇ ਅਨੁਸਾਰ, ਬੈਂਕ ਮੰਗ ਕਰ ਸਕਦੇ ਹਨ ਕਿ ਬਿਨੈਕਾਰ ਹੋਰ ਕਿਸਮਾਂ ਦੀ ਜਾਂ ਵਾਧੂ ਜਾਣਕਾਰੀ ਅਤੇ ਦਸਤਾਵੇਜ਼ ਜਮ੍ਹਾਂ ਕਰਨ, ਉਦਾਹਰਨ ਲਈ, ਵਿਦੇਸ਼ੀ ਖਾਤਾ ਟੈਕਸ ਪਾਲਣਾ ਕਾਨੂੰਨ **(Foreign Account Tax Compliance Act - FATCA)** ਅਤੇ ਵਿੱਤੀ ਖਾਤਾ ਜਾਣਕਾਰੀ ਦੀ ਸਵੈਚਲ ਅਦਲਾ-ਬਦਲੀ - **AEOI)**, ਆਦਿ ਨਾਲ ਸਬੰਧਤ ਜਾਣਕਾਰੀ ਅਤੇ ਦਸਤਾਵੇਜ਼। ਗਾਹਕ ਸਬੰਧਤ ਬੈਂਕਾਂ ਨਾਲ ਸੰਪਰਕ ਕਰ ਸਕਦੇ ਹਨ ਜਾਂ ਲੋੜੀਂਦੀ ਜਾਣਕਾਰੀ ਲਈ ਜਾਂਚ ਕਰਨ ਵਾਸਤੇ ਉਹਨਾਂ ਦੀ ਵੈਬਸਾਈਟ 'ਤੇ ਜਾ ਸਕਦੇ ਹਨ।

(b) ਕਾਰਪੋਰੇਟ ਗਾਹਕ:

(i) ਕਾਰਪੋਰੇਟ ਪਛਾਣ ਦਸਤਾਵੇਜ਼, ਉਦਾਹਰਨ ਲਈ:

(A) ਕੰਪਨੀ ਦਾ ਇਨਕਾਰਪੋਰੇਸ਼ਨ ਦਾ ਸਰਟੀਫਿਕੇਟ

(B) ਕਿਸੇ ਕੰਪਨੀ ਰਜਿਸਟਰੀ ਤੋਂ ਕੰਪਨੀ ਰਿਪੋਰਟ

(C) ਕੰਪਨੀ ਦਾ ਮੈਮੋਰੰਡਮ ਅਤੇ ਆਰਟੀਕਲ ਆਫ ਐਸੋਸਿਏਸ਼ਨ

(ii) ਲਾਭਪਾਤਰ ਮਾਲਕ(ਕਾਂ) ਦੀ ਜਾਣਕਾਰੀ, ਉਦਾਹਰਨ ਲਈ:

(A) ਲਾਭਪਾਤਰ ਮਾਲਕ(ਕਾਂ) ਦੇ ਪਛਾਣ ਦਸਤਾਵੇਜ਼

(B) ਕੰਪਨੀ ਦੀ ਮਲਕੀਅਤ ਅਤੇ ਨਿਯੰਤ੍ਰਣ ਢਾਂਚੇ ਦੇ ਵੇਰਵੇ

(iii) ਖਾਤੇ ਦਾ ਉਦੇਸ਼ ਅਤੇ ਇਰਾਦਤਨ ਪ੍ਰਕਿਰਿਤੀ, ਉਦਾਹਰਨ ਲਈ:

(A)ਖਾਤੇ ਦਾ ਮਕਸਦ

(B)ਉਮੀਦ ਕੀਤੀਆਂ ਖਾਤਾ ਗਤੀਵਿਧੀਆਂ

(C)ਕਾਰੋਬਾਰ ਦੀ ਪ੍ਰਕਿਰਤੀ ਅਤੇ ਸੰਚਾਲਨ ਦਾ ਮੋਡ

(iv) ਗਾਹਕ ਦੇ ਵੱਲੋਂ ਕਾਰਵਾਈ ਕਰ ਰਹੇ ਵਿਅਕਤੀ ਬਾਰੇ ਜਾਣਕਾਰੀ, ਉਦਾਹਰਨ ਲਈ:

(A) ਗਾਹਕ ਦੇ ਵਲੋਂ ਕਾਰਵਾਈ ਕਰ ਰਹੇ ਵਿਅਕਤੀ ਦਾ ਪਛਾਣ ਦਸਤਾਵੇਜ਼, ਉਦਾਹਰਨ ਲਈ

(B) ਅਧਿਕਾਰ ਦਸਤਾਵੇਜ਼

ਕਿਰਪਾ ਕਰਕੇ ਧਿਆਨ ਦਿਓ ਕਿ ਉੱਪਰ ਦਿੱਤੀ ਗਈ ਖਾਤਾ ਖੋਲ੍ਹਣ ਲਈ ਲੋੜੀਂਦੀ ਜਾਣਕਾਰੀ ਸਿਰਫ ਹਵਾਲੇ ਲਈ ਹੈ। ਅਸਲ ਹਾਲਾਤ (ਜਿਵੇਂ ਕਿ ਬਿਨੈਕਾਰ ਦੇ ਪਿਛੋਕੜ, ਬੇਨਤੀ ਕੀਤੀਆਂ ਗਈਆਂ ਬੈਂਕਿੰਗ ਸੇਵਾਵਾਂ, ਆਦਿ) ਅਤੇ ਉਹਨਾਂ ਦੇ ਜੋਖਮ ਮੁਲਾਂਕਣ ਦੇ ਅਨੁਸਾਰ, ਬੈਂਕ ਮੰਗ ਕਰ ਸਕਦੇ ਹਨ ਕਿ ਬਿਨੈਕਾਰ ਹੋਰ ਕਿਸਮਾਂ ਦੀ ਜਾਂ ਵਾਧੂ ਜਾਣਕਾਰੀ ਅਤੇ ਦਸਤਾਵੇਜ਼ ਜਮ੍ਹਾਂ ਕਰਨ, ਉਦਾਹਰਨ ਲਈ, ਵਿਦੇਸ਼ੀ ਖਾਤਾ ਟੈਕਸ ਪਾਲਣਾ ਕਾਨੂੰਨ **(Foreign Account Tax Compliance Act - FATCA)**ਅਤੇ ਵਿੱਤੀ ਖਾਤਾ ਜਾਣਕਾਰੀ ਦੀ ਸਵੈਚਲ ਅਦਲਾ-ਬਦਲੀ - **AEOI)**, ਆਦਿ ਨਾਲ ਸਬੰਧਤ ਜਾਣਕਾਰੀ ਅਤੇ ਦਸਤਾਵੇਜ਼। ਗਾਹਕ ਸਬੰਧਤ

ਬੈਂਕਾਂ ਨਾਲ ਸੰਪਰਕ ਕਰ ਸਕਦੇ ਹਨ ਜਾਂ ਲੋੜੀਂਦੀ ਜਾਣਕਾਰੀ ਲਈ ਜਾਂਚ ਕਰਨ ਵਾਸਤੇ ਉਹਨਾਂ ਦੀ ਵੈਬਸਾਈਟ 'ਤੇ ਜਾ ਸਕਦੇ ਹਨ।

**3.** ਜੇ ਅਰਜ਼ੀ ਨਕਾਰ ਦਿੱਤੀ ਜਾਂਦੀ ਹੈ ਤਾਂ?

(a) ਸਧਾਰਨ ਤੌਰ 'ਤੇ, ਬੈਂਕਾਂ ਨੂੰ ਖਾਤਾ ਖੋਲ੍ਹਣ ਦੀਆਂ ਐਪਲੀਕੇਸ਼ਨਾਂ ਨਕਾਰਨ ਦੇ ਕਾਰਨ ਮੁਹੱਈਆ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ, ਬੈਂਕਾਂ ਨੇ ਅਸਫਲ ਐਪਲੀਕੇਸ਼ਨਾਂ ਲਈ ਸਮੀਖਿਆ ਤੰਤਰ *[to embed link]* (ਬੈਂਕਾਂ ਦੀ ਸੰਬੰਧਤ ਸੰਪਰਕ' ਜਾਣਕਾਰੀ ਬਾਰੇ ਜਾਣਕਾਰੀ ਲਈ ਲਿੰਕ 'ਤੇ ਕਲਿਕ ਕਰੋ, ਅੰਗ੍ਰੇਜ਼ੀ ਅਤੇ ਚੀਨੀ ਵਿੱਚ ਉਪਲਬਧ) ਸਥਾਪਿਤ ਕੀਤਾ ਹੈ। ਨਕਾਰੇ ਗਏ ਬਿਨੈਕਾਰ ਸੰਬੰਧਤ ਬੈਂਕਾਂ ਨੂੰ ਆਪਣੀਆਂ ਖਾਤਾ ਖੋਲ੍ਹਣ ਦੀਆਂ ਐਪਲੀਕੇਸ਼ਨਾਂ 'ਤੇ ਮੁੜ ਵਿਚਾਰ ਕਰਨ ਲਈ ਕਹਿ ਸਕਦੇ ਹਨ।

(b) ਖਾਤਾ ਖੋਲ੍ਹਣ ਲਈ ਕਿਸੇ ਹੋਰ ਬੈਂਕ ਵਿੱਚ ਜਾਓ। ਕਿਰਪਾ ਕਰਕੇ ਬੈਂਕਾਂ ਲਈ ਸੰਪਰਕ ਜਾਣਕਾਰੀ *[to embed link]* ਦੇਖੋ (ਬੈਂਕਾਂ ਦੀ ਸੰਬੰਧਤ ਸੰਪਰਕ' ਜਾਣਕਾਰੀ ਬਾਰੇ ਜਾਣਕਾਰੀ ਲਈ ਲਿੰਕ 'ਤੇ ਕਲਿਕ ਕਰੋ, ਅੰਗ੍ਰੇਜ਼ੀ ਅਤੇ ਚੀਨੀ ਵਿੱਚ ਉਪਲਬਧ)।

(c) ਟਿੱਪਣੀਆਂ ਜਾਂ ਪੁੱਛ-ਗਿਛ ਕਰਨ ਲਈ HKMA (ਈਮੇਲ:accountopening@hkma.gov.hk) ਨਾਲ ਸੰਪਰਕ ਕਰੋ।

**4.** ਖਾਤਾ ਜਾਣਕਾਰੀ ਅੱਪਡੇਟ ਕਰਨੀ

AML/CFT ਵਿੱਚ ਅੰਤਰਰਾਸ਼ਟਰੀ ਮਿਆਰਾਂ ਦੇ ਅਨੁਸਾਰ, ਖਾਤਾ ਖੋਲ੍ਹਣ ਦੀਆਂ ਐਪਲੀਕੇਸ਼ਨਾਂ 'ਤੇ ਕੰਮ ਕਰਦੇ ਸਮੇ CDD ਪ੍ਰਕਿਰਿਆ ਪੂਰੀ ਕਰਨ ਦੇ ਇਲਾਵਾ, ਬੈਂਕਾਂ ਨੂੰ ਨਿਯਮਿਤ ਆਧਾਰ 'ਤੇ ਮੌਜੂਦਾ ਗਾਹਕਾਂ ਬਾਰੇ ਜਾਣਕਾਰੀ ਦੀ ਸਮੀਖਿਆ ਕਰਨ ਅਤੇ ਇਸਨੂੰ ਅੱਪਡੇਟ ਕਰਨ ਦੀ ਲੋੜ ਹੋਵੇਗੀ। ਸਮੀਖਿਆ ਦੀ ਵਾਰਵਾਰਤਾ

ਅਤੇ ਹੱਦ ਸੰਬੰਧਤ ਗਾਹਕ ਦੇ ਜੋਖਮ ਪ੍ਰੋਫਾਈਲ 'ਤੇ ਨਿਰਭਰ ਕਰੇਗੀ। ਇਸ ਲਈ, ਤੁਹਾਨੂੰ ਬੈਂਕ ਤੋਂ ਚਿੱਠੀਆਂ ਮਿਲ ਸਕਦੀਆਂ ਹਨ ਜਿਨ੍ਹਾਂ ਵਿੱਚ ਤੁਹਾਨੂੰ ਗਾਹਕ ਜਾਣਕਾਰੀ ਜਾਂ ਖਾਤਾ ਗਤੀਵਿਧੀਆਂ ਨੂੰ ਅੱਪਡੇਟ ਕਰਨ ਲਈ ਕਿਹਾ ਜਾ ਸਕਦਾ ਹੈ, ਭਾਵੇਂ ਬੈਂਕ ਖਾਤਿਆਂ ਨੂੰ ਸਾਲਾਂ ਤੋਂ ਚਲਾਇਆ ਜਾ ਰਿਹਾ ਹੈ। ਤਾਂ ਵੀ, ਬੈਂਕਾਂ ਨੂੰ ਇਸ ਪ੍ਰਕਿਰਿਆ ਵਿੱਚ ਗਾਹਕਾਂ ਦੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਗਾਹਕਾਂ ਨੂੰ ਬੈਂਕਾਂ ਦੀਆਂ ਜਾਣਕਾਰੀ ਦੀਆਂ ਬੇਨਤੀਆਂ ਨੂੰ ਪੂਰਾ ਕਰਨ ਵਿੱਚ ਮੁਸ਼ਕਲਾਂ ਆਉਂਦੀ ਆਮ ਹਨ, ਤਾਂ ਉਹ ਚਰਚਾ ਕਰਨ ਲਈ ਬੈਂਕਾਂ ਨੂੰ ਕਾਲ ਕਰ ਸਕਦੇ ਹਨ।

ਤਾਜ਼ਾ ਜਾਣਕਾਰੀ ਨਾਲ ਨਾ ਸਿਰਫ ਬੈਂਕਾਂ ਨੂੰ ਗਾਹਕਾਂ ਦੀ ਧੋਖੇ ਅਤੇ ਵਿੱਤੀ ਅਪਰਾਧਾਂ ਤੋਂ ਰੱਖਿਆ ਕਰਨ ਵਿੱਚ ਮਦਦ ਮਿਲਦੀ ਹੈ, ਬਲਕਿ ਇਸ ਨਾਲ ਬੈਂਕਾਂ ਨੂੰ ਗਾਹਕਾਂ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਸਭ ਤੋਂ ਉਚਿਤ ਸੇਵਾਵਾਂ ਅਤੇ ਉਤਪਾਦ ਮੁਹੱਈਆ ਕਰਨ ਵਿੱਚ ਵੀ ਮਦਦ ਮਿਲਦੀ ਹੈ।

**5.** ਬੈਂਕਾਂ ਨੂੰ ਇਹ ਨਹੀਂ ਕਰਨਾ ਚਾਹੀਦਾ...

CDD ਉਪਾਅ ਕਰਦੇ ਸਮੇਂ, ਬੈਂਕਾਂ ਨੂੰ ਆਪਣੇ ਗਾਹਕਾਂ ਕੋਲ ਅਣਉਚਿਤ ਬੇਨਤੀਆਂ ਨਹੀਂ ਕਰਨੀਆਂ ਚਾਹੀਦੀਆਂ ਜੋ ਜੋਖਮ ਦੇ ਮੁਲਾਂਕਣ ਦੇ ਅਨੁਪਾਤ ਵਿੱਚ ਨਾ ਹੋਣ ਜਾਂ ਉਸ ਨਾਲ ਸਬੰਧਤ ਨਾ ਹੋਣ। ਉਦਾਹਰਨ ਲਈ, ਉਹਨਾਂ ਵਿੱਚ ਸਾਮਲ ਹੋ ਸਕਦੀਆਂ ਹਨ:

(a) ਇਹ ਮੰਗ ਕਰਨੀ ਕਿ ਕਿਸੇ ਵਿਦੇਸ਼ੀ ਕਾਰਪੋਰੇਟ ਦਾ ਖਾਤਾ ਖੋਲ੍ਹਣ ਵੇਲੇ ਸਾਰੇ ਡਾਇਰੈਕਟਰ ਅਤੇ ਵਿਦੇਸ਼ੀ ਮਾਲਕ ਮੌਜੂਦ ਹੋਣ;

(b) ਲਾਜ਼ਮੀ ਕਰਨਾ ਕਿ ਕਿਸੇ ਵਿਦੇਸ਼ੀ ਕਾਰਪੋਰੇਟ ਦੇ ਸਾਰੇ ਦਸਤਾਵੇਜ਼ਾਂ ਨੂੰ ਹਾਂਗ-ਕਾਂਗ ਵਿਚਲੇ ਪ੍ਰਮਾਣਕਰਤਾ ਪ੍ਰਮਾਣਿਤ ਕੀਤਾ ਜਾਵੇ;

(c) ਕਿਸੇ ਨਹੀਂ ਸ਼ੁਰੂ ਕੀਤੀ ਗਈ ਕੰਪਨੀ ਤੋਂ ਆਪਣੇ ਟ੍ਰੈਕ ਰਿਕਰਾਡ, ਕਾਰੋਬਾਰੀ ਯੋਜਨਾ ਅਤੇ ਆਮਦਨੀ ਦੀਆਂ ਉਮੀਦਾਂ ਦੇ ਉਹੀ ਵੇਰਵੇ ਮੰਗਣੇ ਜੋ ਲੰਮੇ ਸਮੇਂ ਤੋਂ ਸਤਾਪਿਤ ਕੰਪਨੀ ਤੋਂ ਮੰਗੇ ਜਾਂਦੇ ਹਨ;

(d) ਸਾਰੇ ਬਿਨੈਕਾਰਾਂ ਤੋਂ ਹਾਂਗ-ਕਾਂਗ ਬਿਜ਼ਨਸ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਜਾਂ ਸਾਰੇ ਵਿਦੇਸੀ ਕਾਰਪੋਰੇਟਾਂ ਤੋਂ ਹਾਂਗ-ਕਾਂਗ ਵਿੱਚ ਆਫਿਸ ਦੀ ਉਮੀਦ ਕਰਨੀ, ਭਾਵੇਂ ਉਹਨਾਂ ਦਾ ਕਾਰੋਬਾਰ ਮਾਡਲ ਜਾਂ ਕੰਮ ਕਰਨ ਦਾ ਤਰੀਕਾ ਜੋ ਵੀ ਹੋਵੇ;

(e) ਪੂੰਜੀ ਦੇ ਸਰੋਤ ਬਾਰੇ ਬਹੁਤ ਜ਼ਿਆਦਾ ਮਾਤਰਾ ਵਿੱਚ ਜਾਂ ਬਹੁਤ ਵਿਸਤਾਰ ਵਿੱਚ ਜਾਣਕਾਰੀ ਮੰਗਣੀ ਜੋ ਕਦੇ-ਕਦੇ ਕਈ ਦਹਾਕੇ ਪਿੱਛੇ ਜਾਂਦੀ ਹੈ ਭਾਵੇਂ ਸੰਬੰਧ ਜਾਂ ਸੇਵਾ ਦੀ ਕਿਸਮ ਦੁਆਰਾ ਪੇਸ਼ ਕੀਤੇ ਜਾਂਦੇ ਜੋਖਮ ਕੋਈ ਵੀ ਹੋਣ (ਜਿਵੇਂ MPF ਖਾਤਾ, ਘਟ ਬੈਲੇਂਸ ਦੇ ਨਾਲ ਮੁਢਲੀਆਂ ਬੈਂਕਿੰਗ ਸੇਵਾਵਾਂ) ਜੋ ਗਾਹਕ ਦੁਆਰਾ ਮੁਹੱਈਆ ਕਰਨਾ ਮੁਸ਼ਕਲ ਜਾਂ ਅਸੰਭਵ ਹੋਵੇ; ਅਤੇ

(f) ਅਨੁਚਿਤ ਤੌਰ 'ਤੇ ਉੱਚੇ ਬੈਂਚਮਾਰਕਾਂ 'ਤੇ ਆਧਾਰਿਤ ਖਾਤਾ ਖੋਲ੍ਹਣ ਤੋਂ ਮਨ੍ਹਾਂ ਕਰਨਾ ਜਿਵੇਂ ਕਿ ਉਮੀਦ ਕੀਤਾ ਜਾਂ ਅਸਲ ਟਰਨਓਵਰ।

## 6. HKMA ਦੀ ਭੂਮਿਕਾ

HKMA ਨੇ ਕੁਝ ਕਾਰਪੋਰੇਟ ਗਾਹਕਾਂ ਦੁਆਰਾ ਸਾਹਮਣਾ ਕੀਤੇ ਜਾਂਦੇ ਖਾਤਾ ਖੋਲ੍ਹਣ ਦੇ ਮੁੱਦੇ ਨਾਲ ਨਿਪਟਣ ਲਈ ਕਈ ਕਦਮ ਚੁੱਕੇ ਹਨ। ਸਾਡਾ ਟੀਚਾ ਹਾਂਗ-ਕਾਂਗ ਵਿੱਚ ਇੱਕ ਮਜ਼ਬੂਤ AML/CFT ਮਾਹੌਲ ਬਣਾ ਕੇ ਰੱਖਣਾ ਹੈ ਜੋ ਕਾਨੂੰਨੀ ਤੌਰ 'ਤੇ ਸਹੀ ਕਾਰੋਬਾਰ ਅਤੇ ਆਮ ਨਾਗਰਿਕਾਂ ਦੀ ਮੁਢਲੀਆਂ ਬੈਂਕਿੰਗ ਸੇਵਾਵਾਂ ਤੱਕ ਪਹੁੰਚ ਨੂੰ ਨਾ ਘਟਾਏ।

***(a) ਕੀ ਖਾਤਾ ਖੋਲ੍ਹਣ ਦਾ ਮੁੱਦਾ ਹਾਂਗ-ਕਾਂਗ ਵਿੱਚ ਕਾਫੀ ਫੈਲਿਆ ਹੋਇਆ ਹੈ?***

HKMA ਦੁਆਰਾ ਇਕੱਠੀਆਂ ਕੀਤੀਆਂ ਟਿੱਪਣੀਆਂ ਅਤੇ ਜਾਣਕਾਰੀ ਦੇ ਆਧਾਰ 'ਤੇ, ਵਿਦੇਸ਼ੀ ਛੋਟੀਆਂ ਅਤੇ ਵੱਡੀਆਂ ਏਂਟਰਪ੍ਰਾਈਜ਼ਾਂ (SMEs) ਅਤੇ ਨਵੀਆਂ ਸ਼ੁਰੂ ਕੀਤੀਆਂ ਗਈਆਂ ਕੰਪਨੀਆਂ ਦੁਆਰਾ ਬੈਂਕ ਖਾਤਾ ਖੋਲ੍ਹਣ ਵਿੱਚ ਸਾਹਮਣਾ ਕੀਤੀਆਂ ਜਾਂਦੀਆਂ ਮੁਸ਼ਕਲਾਂ ਪੂਰੇ ਉਦਯੋਗ ਵਿੱਚ ਫੈਲਿਆ ਮੁੱਦਾ ਨਹੀਂ ਜਾਪਦੀਆਂ ਹਨ। ਇਹ ਮੁੱਦਾ ਇੱਕ ਜਾਂ ਦੋ ਅੰਤਰਰਾਸ਼ਟਰੀ ਬੈਂਕਾਂ ਵਿੱਚ ਹੈ ਜਿਨ੍ਹਾਂ ਆਮ ਤੌਰ 'ਤੇ ਬੈਂਕ ਖਾਤਾ ਖੋਲ੍ਹਣ ਦੀਆਂ ਇੱਚੁਕ ਕਈ ਕੰਪਨੀਆਂ ਸਭ ਤੋਂ ਪਹਿਲਾਂ ਸੰਪਰਕ ਕਰਦੀਆਂ ਹਨ। HKMA ਦੁਆਰਾ ਸਤੰਬਰ 2016 ਵਿੱਚ ਸਾਰੇ ਬੈਂਕਾਂ ਨੂੰ "ਜੋਖਮ ਕਰਕੇ ਖਾਤਾ ਬੰਦਾ ਕਰਨਾ ਅਤੇ ਵਿੱਤੀ ਸ਼ਮੂਲੀਅਤ" ਸਰਕੁਲਰ ਭੇਜੇ ਜਾਣ ਤੋਂ ਬਾਅਦ ਕੁਝ ਸੁਧਾਰ ਹੋਏ ਹਨ।

***(b)ਖਾਤਾ ਖੋਲ੍ਹਣ ਦੇ ਮੁੱਦੇ ਨਾਲ ਨਿਪਟਣ ਲਈ HKMA ਨੇ ਕੀ ਕੀਤਾ ਹੈ?***

HKMA ਬੈਂਕ ਖਾਤੇ ਖੋਲ੍ਹਣ ਵਿੱਚ ਮੁਸ਼ਕਲਾਂ ਨਾਲ ਸਬੰਧਤ ਮੁੱਦੇ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦਾ ਹੈ, ਅਤੇ ਇਸ ਨੇ ਫਾਲੋ-ਅੱਪ ਕੰਮ ਦੀਆਂ ਲੜੀਆਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

(i) ਅਸੀਂ ਕਈ ਹਿਤਧਾਰਕਾਂ ਨੂੰ ਨਾਲ ਜੋੜਿਆ ਹੈ , ਜਿਨ੍ਹਾਂ ਵਿੱਚ ਵਿਦੇਸ਼ੀ ਅਤੇ ਸਥਾਨਕ ਚੈਂਬਰ ਆਫ ਕਾਮਰਸ ਅਤੇ SME ਐਸੋਸਿਏਸ਼ਨਾਂ ਸ਼ਾਮਲ ਹਨ, ਤਾਂ ਜੋ ਸਥਿਤੀ ਨੂੰ ਚੰਗੀ ਤਰ੍ਹਾਂ ਨਾਲ ਅਤੇ ਪੂਰੀ ਤਰ੍ਹਾਂ ਨਾਲ ਸਮਝਿਆ ਜਾ ਸਕੇ, ਬੈਂਕ ਖਾਤੇ ਖੋਲ੍ਹਣ ਨਾਲ ਸੰਬੰਧਤ ਵਿਸ਼ੇਸ਼ ਘਟਨਾਵਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ, ਅਤੇ ਉਸੇ ਅਨੁਸਾਰ ਮਾਮਲਿਆਂ ਬਾਰੇ ਬੈਂਕਾਂ ਨਾਲ ਫਾਲੋ-ਅੱਪ ਕੀਤਾ ਜਾ ਸਕੇ।

(ii) HKMA ਨੇ 8 ਸਤੰਬਰ 2016 ਨੂੰ ਸਾਰੇ ਬੈਂਕਾਂ ਨੂੰ "ਜੋਖਮ ਕਰਕੇ ਖਾਤਾ ਬੰਦਾ ਕਰਨਾ ਅਤੇ ਵਿੱਤੀ ਸ਼ਮੂਲੀਅਤ (De-risking and Financial Inclusion)" ਸਰਕੁਲਰ ਜਾਰੀ ਕੀਤਾ ਸੀ, ਜਿਸ ਵਿੱਚ ਜ਼ੋਰ ਦਿੱਤਾ ਗਿਆ ਸੀ ਕਿ ਬੈਂਕਾਂ ਨੂੰ ਖਾਤਾ ਖੋਲ੍ਹਣ ਦੀਆਂ ਐਪਲੀਕੇਸ਼ਨਾਂ ਲਈ ਅਤੇ ਮੌਜੂਦਾ ਗਾਹਕਾਂ ਲਈ

ਉਚਿਤ ਜਾਂਚ ਪੂਰੀ ਕਰਨ ਲਈ “ਜੋਖਮ ਅਧਾਰਤ” ਤਰੀਕਾ ਅਪਣਾਉਣਾ ਚਾਹੀਦਾ ਹੈ। ਬੈਂਕਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਮੌਜੂਦਾ ਅਤੇ ਸੰਭਾਵੀ ਗਾਹਕਾਂ ਨਾਲ ਉਚਿਤ ਅਤੇ ਨਿਰਪੱਖ ਵਿਹਾਰ ਕੀਤਾ ਜਾਵੇ, ਜਿਸ ਵਿੱਚ ਸ਼ਾਮਲ ਹੈ:

(A) ਖਾਤਾ ਖੋਲ੍ਹਣ ਅਤੇ CDD ਪ੍ਰਕਿਰਿਆ ਦੀ ਪਾਰਦਰਸ਼ਿਤ ਨੂੰ ਵਧਾਉਣ ਲਈ CDD ਪ੍ਰਕਿਰਿਆ ਲਈ ਲੋੜੀਂਦੀ ਜਾਣਕਾਰੀ ਅਤੇ ਦਸਤਾਵੇਜ਼ਾਂ ਨੂੰ ਸਪੱਸ਼ਟ ਰੂਪ ਵਿੱਚ ਸਥਾਪਿਤ ਕਰਨਾ, ਬੇਨਤੀ ਕੀਤੀ ਗਈ ਜਾਣਕਾਰੀ ਲਈ ਕਾਰਨ ਦੀ ਵਿਆਖਿਆ ਕਰਨੀ, ਅਜਿਹੇ ਕਦਮ ਚੁੱਕਣ ਜਾਂ ਵਿਕਲਪ ਮੁਹੱਈਆ ਕਰਨ ਵਿੱਚ ਗਾਹਕਾਂ ਦੀ ਸਹਾਇਤਾ ਕਰਨੀ ਜੋ CDD ਪ੍ਰਕਿਰਿਆ ਨੂੰ ਸੰਤੁਸ਼ਟ ਕਰਨ ਵਿੱਚ ਮਦਦ ਕਰ ਸਕਦੇ ਹਨ, ਅਤੇ ਅਸਫਲ ਬਿਨੈਕਾਰਾਂ ਲਈ ਸਮੀਖਿਆ ਪ੍ਰਣਾਲੀ ਨੂੰ ਸ਼ੁਰੂ ਕਰਨਾ;

(B) ਗਾਹਕਾਂ ਦੇ ਨਾਲ ਪ੍ਰਭਾਵੀ ਸੰਚਾਰ ਨੂੰ ਬਣਾ ਕੇ ਰੱਖਣਾ, ਉਦਾਹਰਨ ਲਈ, ਉਹਨਾਂ ਦੀ ਅਰਜ਼ੀ ਦੀ ਤਰੱਕੀ ਬਾਰੇ ਅੰਤਰਿਮ ਅੱਪਡੇਟ ਮੁਹੱਈਆ ਕਰਨੇ, ਉਹਨਾਂ ਦੀਆਂ ਅਰਜ਼ੀਆਂ ਦੇ ਨਤੀਜੇ ਦੀ ਸਮਾਂ-ਸਿਰ ਫੀਡਬੈਕ, ਅਤੇ ਜਿੱਥੇ ਕਿਸੇ ਅਰਜ਼ੀ ਨੂੰ ਨਕਾਰ ਦਿੱਤਾ ਜਾਂਦਾ ਹੈ, ਨਕਾਰਨ ਦਾ ਕਾਰਨ ਜਿਵੇਂ ਵੀ ਉਚਿਤ ਹੋਵੇ।

(iii) ਬੈਂਕਾਂ ਨੂੰ ਆਪਣੇ ਅਗਲੀ ਕਤਾਰ ਦੇ ਸਟਾਫ ਨੂੰ ਢੁਕਵੀਂ ਸਿਖਲਾਈ ਵੀ ਦੇਣੀ ਚਾਹੀਦੀ ਹੈ ਜਿਸ ਨਾਲ ਸੰਬੰਧਤ ਉਪਾਵਾਂ ਨੂੰ ਇਕਸਾਰ ਤਰੀਕਾ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾ ਸਕੇ।

(iv) HKMA ਨੇ ਉਸ ਤੋਂ ਬਾਅਦ 19 ਸਤੰਬਰ 2106 ਅਤੇ 25 ਮਈ 2017 ਨੂੰ “CDD ਬਾਰੇ ਅਕਸਰ ਪੁੱਛੇ ਜਾਂਦੇ ਪ੍ਰਸ਼ਨ” ਜਾਰੀ ਕੀਤੇ ਤਾਂ ਜੋ ਬੈਂਕਾਂ ਨਾਲ ਕੁਝ ਆਮ ਤੌਰ 'ਤੇ ਗਲਤ ਸਮਝੀਆਂ ਜਾਂਦੀਆਂ CDD ਲੋੜਾਂ ਬਾਰੇ ਸਪੱਸ਼ਟਤਾ ਕੀਤੀ ਜਾ ਸਕੇ।

(v) ਅਸੀਂ ਖਾਤਾ ਖੋਲ੍ਹਣ ਅਤੇ ਖਾਤਾ ਜਾਣਕਾਰੀ ਨੂੰ ਅਪਡੇਟ ਕਰਨ ਵਿੱਚ ਮੁਸ਼ਕਲਾਂ ਦੇ ਸੰਬੰਧ ਵਿੱਚ ਜਨਤਕ ਰਾਇ ਅਤੇ ਪੁਛ-ਗਿਛ ਨਾਲ ਨਿਪਟਣ ਲਈ ਇੱਕ ਟਾਸਕ ਫੋਰਸ ਸਥਾਪਿਤ ਕੀਤੀ ਹੈ, ਅਤੇ HKMA ਦੀ ਵੈਬਸਾਈਟ 'ਤੇ ਹਿਤਧਾਰਕਾਂ ਨਾਲ ਗੱਲਬਾਤ ਲਈ ਇੱਕ ਸਮਰਪਿਤ ਪੰਨਾ ਤਿਆਰ ਕੀਤਾ ਹੈ।

(vi) ਗਾਹਕਾਂ ਨਾਲ ਸੰਚਾਰ ਵਿੱਚ ਸੁਧਾਰ ਕਰਨ ਲਈ ਬੈਂਕਾਂ ਦੇ ਉਪਾਵਾਂ ਦੀ ਪ੍ਰਭਾਵਕਤਾ ਦੀ ਜਾਂਚ ਅਤੇ ਮੁਲਾਂਕਣ ਕਰਨ ਲਈ HKMA ਮਿਸਟਰੀ ਸ਼ਾਪਿੰਗ ਪ੍ਰੋਗਰਾਮ ਸ਼ੁਰੂ ਕਰੇਗਾ, ਅਤੇ ਬੈਂਕਾਂ ਦੁਆਰਾ “ਜੋਖਮ-ਆਧਾਰਤ” ਤਰੀਕੇ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਵਿਸ਼ੇ ਆਧਾਰਤ ਸਮੀਖਿਆ ਕਰੇਗਾ।

***(c)ਖਾਤਾ ਖੋਲ੍ਹਣ ਵਿੱਚ “ਜੋਖਮ-ਆਧਾਰਤ” ਤਰੀਕਾ ਲਾਗ ਕਰਨ ਦਾ ਕੀ ਮਤਲਬ ਹੈ?***

“ਜੋਖਮ-ਆਧਾਰਤ” ਦਾ ਮਤਲਬ ਹੈ ਬੈਂਕਾਂ ਨੂੰ ਵੱਖ-ਵੱਖ ਗਾਹਕਾਂ ਦੇ ਜੋਖਮ ਪੱਧਰ ਨੂੰ ਉਹਨਾਂ ਦੇ ਪਿਛੋਕੜ ਅਤੇ ਹਾਲਾਤ ਦੇ ਅਨੁਸਾਰ ਵੱਖ-ਵੱਖ ਰੱਖਣਾ ਚਾਹੀਦਾ ਹੈ, ਅਤੇ ਜੋਖਮ ਨੂੰ ਘੱਟ ਕਰਨ ਅਤੇ CDD ਦੇ ਅਨੁਪਾਤਕ ਉਪਾਅ ਲਾਗੂ ਕਰਨੇ ਚਾਹੀਦੇ ਹਨ, ਨਾ ਕਿ ਪ੍ਰਵਾਨਗੀ ਪ੍ਰਕਿਰਿਆ ਵਿੱਚ ਸਾਰੇ ਗਾਹਕਾਂ ਲਈ “ਸਭ-ਲਈ-ਇੱਕ ਆਕਾਰ” ਤਰੀਕਾ ਲਾਗੂ ਕਰਨਾ।

<u>ਰਾਏ ਜਾਂ ਸਵਾਲ</u>

ਜੇਕਰ ਖਾਤਾ ਖੋਲ੍ਹਣ ਜਾਂ ਖਾਤੇ ਦੀ ਜਾਣਕਾਰੀ ਨੂੰ ਅੱਪਡੇਟ ਕਰਨ ਬਾਰੇ ਤੁਹਾਡੀ ਕੋਈ ਰਾਏ ਜਾਂ ਸਵਾਲ ਹਨ, ਤਾਂ ਕਿਰਪਾ ਕਰਕੇ ਐਚ.ਕੇ.ਐਮ.ਏ. (HKMA)ਨੂੰ ਸੰਪਰਕ ਕਰੋ।

ਈਮੇਲ: accountopening@hkma.gov.hk